# ਮਜ਼ਬੂਤ ਬੀ ਸੀ, ਸਭ ਲਈ

## ਬਜਟ 2020: ਬੀ ਸੀ ਨੂੰ ਅੱਗੇ ਵੱਧਦਾ ਰੱਖਣ ਲਈ ਇੱਕ ਸੰਤੁਲਿਤ ਯੋਜਨਾ





ਬ੍ਰਿਟਿਸ਼ ਕੋਲੰਬੀਆ ਵਿੱਚ ਚੀਜ਼ਾਂ ਬਿਹਤਰੀ ਲਈ ਬਦਲ ਰਹੀਆਂ ਹਨ। ਲੋਕਾਂ ਨੂੰ ਪਹਿਲ ਦੇਣ ਵਾਲੇ ਲਗਭਗ ਤਿੰਨ ਸਾਲਾਂ ਦੇ ਵਿਕਲਪਾਂ ਤੋਂ ਬਾਦ, ਅਸੀਂ ਬਦਲਾਅ ਦੇਖਣੇ ਸ਼ੁਰੂ ਕਰ ਰਹੇ ਹਾਂ।

ਵਧੇਰੇ ਪਰਿਵਾਰ ਹੁਣ ਸਕੂਨ ਵਿੱਚ ਹਨ ਕਿਉਂਕਿ ਹੁਣ ਆਖਿਰਕਾਰ ਉਹਨਾਂ ਕੋਲ ਕਿਫਾਇਤੀ ਬਾਲ-ਸੰਭਾਲ ਹੈ। ਵਿਦਿਆਰਥੀ ਹੁਣ ਕਲਾਸਾਂ ਵਿੱਚ ਜ਼ਿਆਦਾ ਸਹਿਯੋਗ ਨਾਲ ਨਵੇਂ, ਸੁਰੱਖਿਅਤ ਸਕੂਲਾਂ ਵਿੱਚ ਸਿੱਖ ਰਹੇ ਹਨ। ਅਸਮਾਨੀ ਚੜ੍ਹ ਰਹੇ ਕਿਰਾਏ ਅਤੇ ਘੱਟ ਵੇਕੈਂਸੀ ਰੇਟ ਕਾਰਨ ਘਰ ਲੱਭਣ ਵਿੱਚ ਸੰਘਰਸ਼ ਕਰਨ ਵਾਲੇ ਜ਼ਿਆਦਾਤਰ ਲੋਕ ਹੁਣ ਨਵੇਂ ਘਰਾਂ ਵਿੱਚ ਜਾ ਰਹੇ ਹਨ। ਪਰਿਵਾਰ ਨਵੇਂ ਸਿਹਤ ਸੰਭਾਲ ਸੈਂਟਰਾ ਵਿੱਚ ਲੋੜੀਦੀ ਦੇਖਭਾਲ ਲੈ ਰਹੇ ਹਨ। ਬੀ ਸੀ ਚਾਈਲਡ ਔਪਰਚੂਨਟੀ ਬੈਨੀਫਿੱਟ ਅਤੇ ਐੱਮ ਐੱਸ ਪੀ ਦੇ ਖਾਤਮੇ ਨਾਲ ਬ੍ਰਿਟਿਸ਼ ਕੋਲੰਬੀਆਂ ਦੇ ਲੋਕਾਂ ਦੀ ਜੇਬ ਵਿੱਚ ਪੈਸੇ ਵਾਪਸ ਪੈਣਗੇ।

*ਬਜਟ 2020* ਦਾ ਨਿਰਮਾਣ ਜਾਰੀ ਹੈ-ਇਹ ਸਾਡੀ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣ ਲਈ ਸਾਡੀ ਤਰੱਕੀ 'ਤੇ ਨਿਰਮਾਣ ਕਰਦਾ ਹੈ ਅਤੇ ਸਾਡੀ ਸਿਹਤ-ਸੰਭਾਲ ਅਤੇ ਸਿੱਖਿਆ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ।

*ਬਜਟ 2020* ਸਾਡੀ ਜ਼ਰੂਰਤ ਅਨੁਸਾਰ ਨਵੀਆਂ ਸੜਕਾਂ, ਪੁਲਾਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਨਾਲ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਿਹਾ ਹੈ। ਅਤੇ ਬਜਟ 2020 ਭਵਿੱਖ ਦਾ ਨਿਰਮਾਣ ਕਰ ਰਿਹਾ ਹੈ ਜਿੱਥੇ ਤੁਹਾਡੇ ਮੌਕੇ ਤੁਹਾਡੀ ਉਮਰ, ਆਮਦਨ ਬਰੈਕਟ ਜਾਂ ਪੋਸਟਲ ਕੋਡ ਨਾਲ ਪਰਿਭਾਸ਼ਤ ਨਹੀਂ ਹੁੰਦੇ।

ਨਵੀਂ ਬੀ ਸੀ ਐਕਸਸ ਗਰਾਂਟ ਹਜ਼ਾਰਾਂ ਹੋਰ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਕਾਲਜ ਜਾਂ ਯੂਨੀਵਰਸਿਟੀ ਸਿੱਖਿਆ ਨੂੰ ਪਹੁੰਚ ਵਿੱਚ ਰੱਖੇਗੀ ਅਤੇ ਸੂਬੇ ਦੀਆਂ ਵੱਧਦੀਆਂ ਲੋੜਾਂ ਅਨੁਸਾਰ ਹੁਨਰਮੰਦ ਕਾਮਿਆਂ ਦਾ ਨਿਰਮਾਣ ਕਰੇਗੀ।

ਬੀ ਸੀ ਕੈਨੇਡਾ ਵਿੱਚ ਇੱਕ ਆਰਥਿਕ ਆਗੂ ਹੈ। ਅਸੀਂ ਕਈ ਹੋਰ ਤਰੀਕਿਆਂ ਵਿੱਚ ਵੀ ਲੀਡਰ ਹਾਂ-ਸਾਡੀ ਸਰਕਾਰ ਮੰਨਦੀ ਹੈ ਕਿ ਲੋਕਾਂ, ਭਾਈਚਾਰਿਆਂ ਅਤੇ ਸਾਫ ਭਵਿੱਖ ਵਿੱਚ ਨਿਵੇਸ਼ ਕਰਨਾ ਮਜ਼ਬੂਤ ਅਤੇ ਚਿਰਸਥਾਈ ਆਰਥਿਕਤਾ ਦੇ ਨਿਰਮਾਣ ਦੀ ਬੁਨਿਆਦ ਹੈ।

ਸਾਡੀ ਸਰਕਾਰ ਤੁਹਾਡੇ ਲਈ ਹਰ ਰੋਜ਼ ਸਖਤ ਮਿਹਨਤ ਕਰ ਰਹੀ ਹੈ। ਅਤੇ ਬਜਟ 2020 ਬੀ ਸੀ ਨੂੰ ਅੱਗੇ ਵੱਧਦਾ ਰੱਖਣ ਲਈ ਸਾਡੀ ਯੋਜਨਾ ਹੈ।



ਮਾਣਯੋਗ ਕੈਰਲ ਜੇਮਜ਼
ਵਿੱਤ ਮੰਤਰੀ ਅਤੇ ਡਿਪਟੀ ਪ੍ਰੀਮੀਅਰ

**ਵਧੇਰੇ ਜਾਣਕਾਰੀ ਲਈ**

*ਬਜਟ 2020 ਜਾਣਕਾਰੀ:* www.bcbudget.ca
*ਵਿੱਤ ਮੰਤਰਾਲਾ:* www.gov.bc.ca/fin

BRITISH COLUMBIA

# ਜ਼ਿੰਦਗੀ ਵਧੇਰੇ ਕਿਫਾਇਤੀ ਬਣਾ ਰਹੇ ਹਾਂ

*ਤੁਸੀਂ ਸਖਤ ਮਿਹਨਤ ਕਰ ਰਹੇ ਹੋ ਅਤੇ ਅਸੀਂ ਵੀ – ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਅੱਗੇ ਵਧਾਉਣ ਲਈ ਤੁਹਾਨੂੰ ਬੱਚਤਾਂ ਅਤੇ ਮੌਕੇ ਪ੍ਰਦਾਨ ਕਰਨ ਲਈ ਕੰਮ ਕਰ ਰਹੇ ਹਾਂ।*



## ਬੀ ਸੀ ਚਾਈਲਡ ਔਪਰਚੂਨਟੀ ਬੈਨੀਫਿੱਟ

*ਬੱਚਿਆਂ ਅਤੇ ਪਰਿਵਾਰਾਂ ਦੀ ਅੱਗੇ ਵਧਣ ਵਿੱਚ ਮਦਦ*

1 ਅਕਤੂਬਰ, 2020 ਤੋਂ ਲਗਭਗ 30,000 ਪਰਿਵਾਰਾਂ ਨੂੰ ਨਵੇਂ ਬੀ ਸੀ ਚਾਈਲਡ ਔਪਰਚੂਨਟੀ ਬੈਨੀਫਿੱਟ ਨਾਲ ਫਾਇਦਾ ਮਿਲੇਗਾ, ਜੋ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਲਈ ਇੱਕ ਟੈਕਸ-ਫਰ੍ਰੀ ਅਦਾਇਗੀ ਹੈ।ਨਵੀਆਂ ਮਹੀਨਾਵਾਰ ਅਦਾਇਗੀਆਂ ਪਰਿਵਾਰਾਂ ਦੀਆਂ ਮੂਲ ਜ਼ਰੂਰਤਾਂ ਜਿਵੇਂ ਭੋਜਨ ਅਤੇ ਕੱਪੜੇ ਵਿੱਚ ਮਦਦ ਕਰਨਗੀਆਂ, ਬਾਲ-ਸੰਭਾਲ ਖਰਚੇ ਵਿੱਚ ਹੋਰ ਕਟੌਤੀ ਕਰਨਗੀਆਂ ਅਤੇ ਖੇਡਾਂ ਅਤੇ ਕਲਾ ਲਈ ਮੌਕੇ ਬਣਾਉਣਗੀਆਂ।



***ਇੱਕ ਬੱਚੇ ਵਾਲੇ ਪਰਿਵਾਰ ਲਈ $1600 ਤੱਕ ਪ੍ਰਤੀ ਸਾਲ।***



***ਦੋ ਬੱਚਿਆਂ ਵਾਲੇ ਪਰਿਵਾਰ ਲਈ $2600 ਤੱਕ ਪ੍ਰਤੀ ਸਾਲ।***




***ਤਿੰਨ ਬੱਚਿਆਂ ਵਾਲੇ ਪਰਿਵਾਰ ਲਈ $3400 ਤੱਕ ਪ੍ਰਤੀ ਸਾਲ।***

## ਚਾਈਲਡ ਕੇਅਰ ਬੀ ਸੀ

*ਉੱਥੇ ਤਰੱਕੀ ਕਰ ਰਹੇ ਹਾਂ ਜਿੱਥੇ ਨੌਜਵਾਨ ਪਰਿਵਾਰਾਂ ਨੂੰ ਵਧੇਰੇ ਜ਼ਰੂਰਤ ਹੈ*

> ਬੀ ਸੀ ਵਿੱਚ ਚਾਈਲਡ ਕੇਅਰ ਹਰ ਰੋਜ਼ ਬਿਹਤਰ ਹੋ ਰਿਹਾ ਹੈ। *ਬਜਟ 2020 ਚਾਈਲਡ* ਕੇਅਰ ਬੀ ਸੀ ਯੋਜਨਾ ਵਿੱਚ ਨਿਵੇਸ਼ ਜਾਰੀ ਰੱਖ ਰਿਹਾ ਹੈ।

ਪਰਿਵਾਰ ਹੁਣੇ ਤੋਂ ਫਾਇਦੇ ਮਹਿਸੂਸ ਕਰ ਰਹੇ ਹਨ। ਹਜ਼ਾਰਾਂ ਨਵੀਆਂ ਲਾਇਸੈਂਸਸ਼ੁਦਾ ਬਾਲ-ਸੰਭਾਲ ਥਾਵਾਂ ਖੁੱਲ ਰਹੀਆਂ ਹਨ ਅਤੇ ਕੁਝ ਪਰਿਵਾਰ ਸਾਲਾਨਾ $19200 ਤੱਕ ਬਚਾ ਰਹੇ ਹਨ। ਆਖਿਰਕਾਰ ਮਾਪਿਆਂ ਨੂੰ ਕੰਮ 'ਤੇ ਵਾਪਸ ਜਾਣ ਅਤੇ ਆਪਣੇ ਕਰੀਅਰ ਨੂੰ ਅੱਗੇ ਵਧਾਉਣ ਦੇ ਮੌਕੇ ਨਾਲ ਚਿਰਾਂ ਤੋਂ ਲੋੜੀਦੀ ਕੁਝ ਰਾਹਤ ਮਿਲ ਰਹੀ ਹੈ।



*ਕਿਫਾਇਤੀ ਬਾਲ-ਸੰਭਾਲ ਤੱਕ ਪਹੁੰਚ ਕੰਮ ਵਾਲੀ ਥਾਂ 'ਤੇ ਬਰਾਬਰਤਾ ਹਾਸਲ ਕਰਨ ਅਤੇ ਲਿੰਗ ਤਨਖਾਹ ਪਾੜੇ ਨੂੰ ਬੰਦ ਕਰਨ ਵਿੱਚ ਮਦਦ ਕਰਨ ਲਈ ਮਹੱਤਵਪੂਰਨ ਹੈ।*

ਬਾਲ-ਸੰਭਾਲ ਵਿੱਚ ਸਾਡੇ ਇਤਿਹਾਸਕ ਨਿਵੇਸ਼ ਨਾਲ ਵਧੇਰੇ ਮਾਪਿਆਂ ਨੂੰ – ਖਾਸ ਕਰ ਔਰਤਾਂ ਨੂੰ – ਕੰਮ ਵਾਲੀ ਥਾਂ 'ਤੇ ਪੂਰੀ ਤਰ੍ਹਾਂ ਹਿੱਸਾ ਲੈਣ ਦਾ ਮੌਕਾ ਮਿਲੇਗਾ। ਹੁਣ ਤੱਕ *ਚਾਈਲਡ ਕੇਅਰ* ਬੀ ਸੀ ਪ੍ਰਦਾਨ ਕਰ ਚੁੱਕਾ ਹੈ:

- 10,400 ਤੋਂ ਵਧੇਰੇ ਨਵੀਆਂ ਥਾਵਾਂ
- 28,000 ਬੱਚਿਆਂ ਨੂੰ $10/ਦਿਨ ਬਾਲ-ਸੰਭਾਲ ਤੋਂ ਫਾਇਦਾ
- 55,000 ਤੋਂ ਵਧੇਰੇ ਥਾਵਾਂ ਦਾ ਰੇਟ ਘਟਿਆ
- 11,000 ਤੋਂ ਵਧੇਰੇ ਅਰਲੀ ਚਾਈਲਡਹੁੱਡ ਸਿੱਖਿਅਕਾਂ ਦੀ ਤਨਖਾਹ ਵਿੱਚ ਵਾਧਾ
- ਈ ਸੀ ਈਜ਼ (ECEs) ਲਈ 5400 ਬਰਸਰੀਜ਼

> ਪਰਿਵਾਰ ਹਰ ਮਹੀਨੇ $1600 ਤੱਕ ਪ੍ਰਤੀ ਬੱਚਾ ਬਚੱਤ ਕਰ ਰਹੇ ਹਨ

## ਐੱਮ ਐੱਸ ਪੀ ਪ੍ਰੀਮੀਅਮ ਹੁਣ ਨਹੀਂ

*ਮੱਧ-ਵਰਗੀ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਇੱਕ ਵੱਡੀ ਟੈਕਸ ਕਟੌਤੀ*



*2020 ਦਾ ਵਰ੍ਹਾ ਪਹਿਲਾ ਵਰ੍ਹਾ ਹੋਵੇਗਾ ਜਦ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਐੱਮ ਐੱਸ ਪੀ ਪ੍ਰੀਮੀਅਮ ਅਦਾ ਨਹੀਂ ਕਰਨੇ ਪੈਣਗੇ, ਜਿਸ ਨਾਲ ਇੱਕ ਵਿਅਕਤੀ ਨੂੰ $900 ਤੱਕ ਪ੍ਰਤੀ ਸਾਲ ਅਤੇ ਪਰਿਵਾਰਾਂ ਨੂੰ $1800 ਤੱਕ ਪ੍ਰਤੀ ਸਾਲ ਬੱਚਤ ਹੋਵੇਗੀ।*

## ਹੋਮਜ਼ ਫਾਰ ਬੀ ਸੀ

### *ਘਰਾਂ ਦਾ ਨਿਰਮਾਣ ਕਰ ਰਹੇ ਹਾਂ, ਜੋ ਤੁਸੀਂ ਅਫੌਰਡ ਕਰ ਸਕੋ*

ਭਾਂਵੇ ਤੁਸੀਂ ਕਿਤੇ ਵੀ ਰਹਿੰਦੇ ਹੋ, ਕਿਫਾਇਤੀ ਘਰ ਬੀ ਸੀ ਵਿੱਚ ਸਾਡੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਹੈ।

*ਬਜਟ 2020* ਘਰਾਂ ਦੀ ਉਸਾਰੀ ਅਤੇ ਕਿਫਾਇਤੀ ਮਾਪਦੰਡਾਂ ਵਿੱਚ ਮਹੱਤਵਪੂਰਨ ਨਿਵੇਸ਼ ਨੂੰ ਸਹਿਯੋਗ ਦੇਣਾ ਜਾਰੀ ਰੱਖਦਾ ਹੈ। *ਹੋਮਜ਼ ਫੌਰ ਬੀ ਸੀ, (Homes for BC)* ਸਾਡੀ 10 ਨੁਕਾਤੀ ਯੋਜਨਾ ਦੇ ਹਿੱਸੇ ਵਜੋਂ, ਤੁਹਾਡੀ ਸਰਕਾਰ ਘੱਟ-ਅਤੇ ਮੱਧ-ਆਮਦਨ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਵਧੇਰੇ ਕਿਫਾਇਤੀ ਘਰਾਂ ਦੇ ਨਿਰਮਾਣ ਲਈ $1 ਬਿਲੀਅਨ ਸਾਲਾਨਾ ਦਾ ਨਿਵੇਸ਼ ਕਰ ਰਹੀ ਹੈ।

*ਹੋਮਜ਼ ਫੌਰ ਬੀ ਸੀ (Homes for BC)* ਨਤੀਜੇ ਪ੍ਰਦਾਨ ਕਰ ਰਿਹਾ ਹੈ। ਹੁਣ ਤੱਕ 90 ਭਾਈਚਾਰਿਆਂ ਵਿੱਚ ਪਰਿਵਾਰਾਂ, ਬਜ਼ੁਰਗਾਂ ਅਤੇ ਵਿਅਕਤੀਆਂ ਲਈ 23000 ਤੋਂ ਵਧੇਰੇ ਘਰ ਪੂਰੇ ਹੋ ਗਏ ਹਨ ਜਾਂ ਰਾਹ ਅਧੀਨ ਹਨ। ਬਜਟ 2020 ਨਵੇਂ ਘਰਾਂ ਵਿੱਚ ਨਿਵੇਸ਼ ਦੇ ਨਾਲ-ਨਾਲ ਮਨੀ ਲੌਂਡਰਿੰਗ 'ਤੇ ਜਨਤਕ ਸੁਣਵਾਈ ਲਈ ਵੀ ਫੰਡਿੰਗ ਸ਼ਾਮਲ ਕਰਦਾ ਹੈ। ਮਨੀ ਲੌਂਡਰਿੰਗ 'ਤੇ ਸ਼ਿਕੰਜਾ ਕੱਸਕੇ, ਧੋਖਾਧੜੀ ਨੂੰ ਰੋਕ ਕੇ, ਸੱਟਬਾਜ਼ਾਂ ਨੂੰ ਨਿਸ਼ਾਨਾ ਬਣਾ ਕੇ, ਚੋਰਮੋਰੀਆਂ ਬੰਦ ਕਰਕੇ ਅਤੇ ਕਿਰਾਏ ਨੂੰ ਵਧੇਰੇ ਸੁਰੱਖਿਅਤ ਬਣਾ ਕੇ ਸਰਕਾਰ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਘਰਾਂ ਨੂੰ ਵਧੇਰੇ ਕਿਫਾਇਤੀ ਬਣਾ ਰਹੀ ਹੈ।

> ਸਾਡੀ 10 ਸਾਲਾ ਯੋਜਨਾ ਵਿੱਚ 100,000 ਤੋਂ ਵਧੇਰੇ ਘਰ ਬਣਾਏ ਜਾਣਗੇ, ਜਿਸ ਨਾਲ ਸੂਬੇ ਭਰ ਵਿੱਚ 50,000 ਤੋਂ ਵਧੇਰੇ ਨੌਕਰੀਆਂ ਦਾ ਨਿਰਮਾਣ ਹੋਵੇਗਾ।

*ਦਸੰਬਰ 2019 ਤੱਕ (ਬੀ ਸੀ ਦੇ ਲਗਭਗ 90 ਭਾਈਚਾਰਿਆਂ ਵਿੱਚ) ਉਸਾਰੀ ਅਧੀਨ ਜਾਂ ਪੂਰੇ ਹੋ ਚੁੱਕੇ ਘਰ:*

**23,177**

- **907** *ਰੀਜ਼ਨਲ ਹਾਊਸਿੰਗ ਫਸਟ ਪ੍ਰੋਗਰਾਮ (CRD)*
- **679** *ਵੁਮੈਨ ਟਰਾਂਜ਼ੀਸ਼ਨ ਹਾਊਸਿੰਗ ਫੰਡ*
- **2,802** *ਹਾਊਸਿੰਗ ਹੱਬ*
- **2,012** *ਬੇਘਰਤਾ ਲਈ ਤੁਰੰਤ ਪ੍ਰਤੀਕ੍ਰਿਆ*
- **2,122** *ਕਿਫਾਇਤੀ ਫੰਡ ਦੀ ਗਹਿਰਾਈ*
- **1,165** *ਇਨਡੀਗਨੀਅਸ ਹਾਊਸਿੰਗ ਫੰਡ*
- **1,628** *ਅਫੋਰਡੇਬਲ ਰੈਂਟਲ ਹਾਊਸਿੰਗ ਪ੍ਰੋਗਰਾਮ*
- **5,584** *ਸਟੂਡੈਂਟ ਹਾਊਸਿੰਗ*
- **1,060** *ਸਹਿਯੋਗੀ ਹਾਊਸਿੰਗ ਫੰਡ*
- **5,218** *ਕਮਿਊਨਟੀ ਹਾਊਸਿੰਗ ਫੰਡ*

## ਬੇਘਰਤਾ ਲਈ ਕਾਰਵਾਈ

### *ਕਿਉਂਕਿ ਹਰ ਕੋਈ ਸੁਰੱਖਿਅਤ ਥਾਂ ਦਾ ਹੱਕਦਾਰ ਹੈ, ਜਿਸਨੂੰ ਉਹ ਘਰ ਕਹਿ ਸਕੇ*

ਸੂਬੇ ਦੀ ਸਭ ਤੋਂ ਪਹਿਲੀ ਗਰੀਬੀ ਹਟਾਊ ਨੀਤੀ *ਹੋਮਜ਼ ਫਾਰ ਬੀ ਸੀ* ਅਤੇ *ਟੂਗੈਦਰ ਬੀ ਸੀ* ਰਾਂਹੀ ਅਸੀਂ ਗਰੀਬੀ ਦੇ ਚੱਕਰ ਤੋੜਨ ਦੀ ਸ਼ੁਰੂਆਤ ਕਰਨ ਲਈ ਜ਼ਰੂਰਤਮੰਦ ਲੋਕਾਂ ਲਈ ਸਹਿਯੋਗੀ ਘਰ ਖੋਲ੍ਹ ਰਹੇ ਹਾਂ।

ਇਹ ਵਸਨੀਕਾਂ ਲਈ ਘੱਟ-ਖਰਚ ਵਾਲੀ ਰਿਹਾਇਸ਼ ਦੀਆਂ ਰੈਪਅਰਾਊਂਡ ਸੇਵਾਵਾਂ ਹਨ, ਜੋ ਅੱਗੇ ਵਧਣ ਵਿੱਚ ਮਦਦ ਕਰਨ ਲਈ ਸਹਿਯੋਗ ਸੇਵਾਵਾਂ ਦਿੰਦੀਆਂ ਹਨ।

*2000 ਤੋਂ ਵਧੇਰੇ ਲੋਕ ਜੋ ਬੇਘਰ ਸਨ, ਹੁਣ ਉਹਨਾਂ ਕੋਲ 24/7 ਸਹਿਯੋਗ ਵਾਲੇ ਸੁਰੱਖਿਅਤ ਘਰ ਹਨ।*

*ਬਜਟ 2020* ਵਿੱਚ ਨਵੇਂ ਨਿਵੇਸ਼ਾਂ ਨਾਲ ਜ਼ਰੂਰਤ ਵਾਲੇ ਲੋਕਾਂ ਅਤੇ ਭਾਈਚਾਰਿਆਂ ਲਈ 200 ਵਾਧੂ ਸਹਿਯੋਗੀ ਘਰ ਖੁੱਲਣਗੇ। ਇਸ ਨਵੇਂ ਨਿਵੇਸ਼ ਨਾਲ ਸਰਕਾਰ ਦੀ ਸਹਿਯੋਗੀ ਘਰਾਂ ਲਈ ਵਚਨਬੱਧਤਾ ਹੁਣ 4900 ਸਹਿਯੋਗੀ ਘਰ ਯੂਨਿਟਾਂ ਤੱਕ ਹੈ। ਨਾਲ ਹੀ ਦੋ ਨਵੇਂ 60 - ਬੈੱਡ ਨੈਵੀਗੇਸ਼ਨ ਸੈਂਟਰ - ਵਧੀਆ ਸੇਵਾਵਾਂ ਵਾਲੇ ਸ਼ੈਲਟਰ-ਗੁੰਝਲਦਾਰ ਚੁਣੌਤੀਆਂ ਵਾਲੇ ਲੋਕਾਂ ਲਈ ਖੁੱਲਣਗੇ।

24/7

*24 ਘੰਟੇ ਖੁੱਲੇ, ਨੈਵੀਗੇਸ਼ਨ ਸੈਂਟਰ ਪੈੱਟ ਫਰੈਂਡਲੀ ਹੋਣਗੇ, ਜੋੜਿਆਂ ਨੂੰ ਇੱਕਠੇ ਰਹਿਣ ਦੀ ਪ੍ਰਵਾਨਗੀ ਦੇਣਗੇ ਅਤੇ ਕਲੀਨੀਕਲ ਅਤੇ ਸਭਿਆਚਾਰਕ ਸਮਾਵੇਸ਼ੀ ਸੇਵਾਵਾਂ ਪ੍ਰਦਾਨ ਕਰਨਗੇ।*





## ਨਵੀਆਂ ਆਮਦਨ ਛੋਟਾਂ

### *ਗਰੀਬੀ ਘਟਾਉਣਾ ਵਿੱਤੀ ਸਹਾਇਤਾ ਤੋਂ ਵਧੇਰੇ ਹੈ*

*ਪਿਛਲੇ ਸਾਲ ਸਰਕਾਰ ਨੇ ਸਾਡੇ ਸੂਬੇ ਦੀ ਸਭ ਤੋਂ ਪਹਿਲੀ ਗਰੀਬੀ ਘਟਾਊ ਨੀਤੀ, ਟੂਗੈਦਰ ਬੀ ਸੀ ਲਾਗੂ ਕੀਤੀ।*

*ਬਜਟ 2020* ਆਮਦਨ ਅਤੇ ਡਿਸੇਬਿਲੀਟੀ ਸਹਾਇਤਾ ਲੈ ਰਹੇ ਲੋਕਾਂ ਅਤੇ ਪਰਿਵਾਰਾਂ ਲਈ ਆਮਦਨ ਛੋਟ ਵਧਾ ਕੇ 140,000 ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਲਈ ਹੋਰ ਕਦਮ ਲੈ ਰਿਹਾ ਹੈ। ਇਸਦਾ ਮਤਲਬ ਲੋਕ ਆਪਣੀ ਆਮਦਨ ਵਧਾ ਸਕਣਗੇ, ਕਾਰਜਬਲ ਨਾਲ ਜੁੜੇ ਰਹਿ ਸਕਣਗੇ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਤੱਕ ਵਧਣ ਲਈ ਅਨੁਭਵ ਦਾ ਨਿਰਮਾਣ ਜਾਰੀ ਰੱਖ ਸਕਣਗੇ।

## ਆਈ ਸੀ ਬੀ ਸੀ ਵਿੱਚ ਪਰਿਵਰਤਨ

### *ਆਟੋ ਇੰਸ਼ੋਰੈਂਸ 'ਤੇ ਤੁਹਾਡੇ ਪੈਸੇ ਦੀ ਬੱਚਤ*

ਸਾਲਾਂ ਤੋਂ ਬੀ ਸੀ ਦੇ ਆਟੋ ਇੰਸ਼ੋਰੈਂਸ ਰੇਟ ਵੱਧ ਗਏ ਹਨ। ਅਸੀਂ ਮੈਡੀਕਲ ਸੰਭਾਲ ਅਤੇ ਖਰਚਿਆਂ ਵਿੱਚ ਕਟੌਤੀ ਲਈ ਵਕੀਲਾਂ ਅਤੇ ਕਾਨੂੰਨੀ ਖਰਚਿਆਂ ਨੂੰ ਖਤਮ ਕਰਕੇ ਜਨਤਕ ਆਟੋ ਇੰਸ਼ੋਰੈਂਸ ਨੂੰ ਮੁੜ ਤੋਂ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਕੰਮ ਕਰਨ ਵਾਲਾ ਬਣਾ ਰਹੇ ਹਾਂ।

ਟੱਕਰ ਵਿੱਚ ਜ਼ਖਮੀ ਹੋਏ ਲੋਕਾਂ ਦੀ ਦੇਖਭਾਲ ਅਤੇ ਇਲਾਜ ਖਰਚਿਆਂ ਵਿੱਚ ਵਾਧਾ ਹੋਵੇਗਾ ਅਤੇ ਨਵੇਂ ਬੈਨੀਫਿੱਟ ਗੰਭੀਰ ਜ਼ਖਮੀ ਹੋਏ ਲੋਕਾਂ ਨੂੰ ਦੇਖਭਾਲ ਪ੍ਰਦਾਨ ਕਰਨਗੇ, ਜਦ ਤੱਕ ਉਹਨਾਂ ਨੂੰ ਇਸਦੀ ਜ਼ਰੂਰਤ ਹੈ।

» 2020 ਵਿੱਚ ਬੇਸਿਕ ਦਰ ਵਿੱਚ ਕੋਈ ਵਾਧਾ ਨਹੀਂ

» ਮਈ 2021 ਤੋਂ 20% ਜਾਂ $400 ਪ੍ਰਤੀ ਡਰਾਈਵਰ ਦੀ ਔਸਤਨ ਬੱਚਤ ਸ਼ੁਰੂ

# ਸੇਵਾਵਾਂ ਜਿਹਨਾਂ 'ਤੇ ਤੁਸੀਂ ਭਰੋਸਾ ਕਰ ਸਕੋ

## ਸਿਹਤ-ਸੰਭਾਲ ਦੀ ਪਹੁੰਚ ਵਿੱਚ ਸੁਧਾਰ

### *ਵਧੇਰੇ ਹਸਪਤਾਲ, ਐੱਮ ਆਰ ਆਈਜ਼, ਸਰਜਰੀਆਂ*

ਬੀ ਸੀ ਦੀ ਜਨਸੰਖਿਆ ਦੇ ਵਧਣ ਨਾਲ ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਅਸੀਂ ਸਿਹਤ ਸੰਭਾਲ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਲਈ ਤਿਆਰ ਹਾਂ। ਨਵੀਂ ਫੰਡਿੰਗ ਇੰਤਜ਼ਾਰ ਸਮੇਂ ਨੂੰ ਘਟਾਉਣ ਅਤੇ ਸਾਡੀ ਜ਼ਰੂਰਤ ਦੀਆਂ ਸਿਹਤ ਸੇਵਾਵਾਂ ਦੀ ਕੁਆਲਟੀ ਅਤੇ ਸਥਿਰਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰੇਗੀ।

*ਅਸੀਂ ਬਚਾਅ ਅਤੇ ਡਾਇਗਨੌਸਟਿਕ ਐੱਮ ਆਰ ਆਈ'ਜ਼ ਦੀ ਪਹੁੰਚ ਵਧਾ ਰਹੇ ਹਾਂ ਅਤੇ ਪ੍ਰਾਇਮਰੀ ਸੰਭਾਲ, ਹੋਮ ਹੈਲਥ, ਲੰਮੇਂ ਸਮੇਂ ਦੀ ਸੰਭਾਲ ਅਤੇ ਅਸਿਸਟਡ ਅਤੇ ਰੈਸਪਾਈਟ ਸੇਵਾਵਾਂ ਵਿੱਚ ਨਵੇਂ ਨਿਵੇਸ਼ ਨਾਲ ਬਜ਼ੁਰਗਾਂ ਦੀ ਸੰਭਾਲ ਵਿੱਚ ਸੁਧਾਰ ਕਰ ਰਹੇ ਹਾਂ।*

*ਬਜਟ 2020* ਬੀ ਸੀ ਦੇ ਸਿਹਤ ਸੰਭਾਲ ਸਿਸਟਮ ਵਿੱਚ ਤਬਦੀਲੀ ਕਰਨ ਲਈ ਸਾਡੇ ਲਏ ਕਦਮਾਂ 'ਤੇ ਚੱਲਦਿਆਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਬਿਹਤਰ ਦੇਖਭਾਲ ਪ੍ਰਦਾਨ ਕਰ ਰਿਹਾ ਹੈ।

*ਵਿਲੀਅਮ ਲੇਕ, ਕੁਐਨੱਲ, ਟਰੇਲ, ਨਨਾਇਮੋ, ਕੁਆਚਿਨ ਵੈਲੀ, ਫੋਰਟ ਸਟਰੀਟ ਜੇਮਜ਼, ਟੈਰਸ, ਸਰ੍ਹੀ, ਡਾਅਸਨ ਕਰੀਕ, ਰਿਚਮੰਡ, ਬਰਨਬੀ, ਵੈਨਕੂਵਰ ਅਤੇ ਨੌਰਥ ਵੈਨਕੂਵਰ ਵਿੱਚ* ***ਨਵੇਂ ਅਤੇ ਅਪਗਰੇਡਡ ਹਸਪਤਾਲਾਂ*** *ਦੀ ਯੋਜਨਾ ਹੈ।*

*ਸਰ੍ਹੀ, ਕੈਮਲੂਪਸ, ਕੁਐਨੱਲ, ਵੈਨਕੂਵਰ, ਨਨਾਇਮੋ, ਲੈਂਗਫੋਰਡ, ਕਲੋਨਾ, ਪ੍ਰਿੰਸ ਜੌਰਜ, ਬਰਨਬੀ, ਨੌਰਥ ਵੈਨਕੂਵਰ, ਵਰਨਨ, ਪਿੱਟ ਮੈਡੋਜ਼ ਅਤੇ ਮੈਪਲ ਰਿੱਜ ਵਿੱਚ* ***ਨਵੇਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ*** *ਖੁੱਲ ਗਏ ਹਨ ਅਤੇ ਵਿਕਟੋਰੀਆ ਅਤੇ ਈਸਟ ਵੈਨਕੂਵਰ ਵਿੱਚ ਦੋ ਹੋਰ ਖੁੱਲਣ ਦੀ ਯੋਜਨਾ ਹੈ।*



## ਸਿੱਖਿਆ ਵਿੱਚ ਨਿਵੇਸ਼

*ਵਧੇਰੇ ਅਧਿਆਪਕ ਅਤੇ ਨਵੇਂ, ਸੁਰੱਖਿਅਤ ਸਕੂਲ*



*ਅਸੀਂ ਕੇ-12 ਵਿਦਿਆਰਥੀਆਂ ਲਈ ਸਿੱਖਿਆ ਅਨੁਭਵ ਅਤੇ ਨਤੀਜਿਆਂ ਵਿੱਚ ਸੁਧਾਰ ਕਰਨ ਲਈ ਜ਼ਿਕਰਯੋਗ ਨਿਵੇਸ਼ ਕਰ ਰਹੇ ਹਾਂ।*

*ਬਜਟ 2020* ਸਾਡੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਨੂੰ ਸਹਿਯੋਗ ਦੇਵੇਗਾ- ਵਧੇਰੇ ਅਧਿਆਪਕ, ਸਪੈਸ਼ਲ ਸਿੱਖਿਆ ਦੇ ਅਧਿਆਪਕ, ਸਾਈਕੋਲੋਜਿਸਟ ਅਤੇ ਕੋਂਸਲਰ ਇਹ ਯਕੀਨੀ ਬਣਾਉਗੇ ਕਿ ਵਿਦਿਆਰਥੀਆਂ ਕੋਲ ਸਫਲਤਾ ਦੇ ਬਿਹਤਰ ਮੌਕੇ ਹੋਣ। ਅਸੀਂ ਕਲਾਸਾਂ ਦਾ ਸਾਈਜ਼ ਘਟਾ ਰਹੇ ਹਾਂ ਅਤੇ ਕਲਾਸਰੂਮ ਸਾਧਨ ਵਧਾ ਰਹੇ ਹਾਂ।

ਅਸੀਂ ਸੂਬੇ ਭਰ ਵਿੱਚ ਸਕੂਲਾਂ ਦਾ ਨਿਰਮਾਣ, ਵਿਸਥਾਰ ਅਤੇ ਭੂਚਾਲ ਲਈ ਅਪਗਰੇਡ ਕਰ ਰਹੇ ਹਾਂ।

ਬੱਚਿਆਂ ਅਤੇ ਉਹਨਾਂ ਨੂੰ ਸਹਿਯੋਗ ਦੇਣ ਵਾਲਿਆਂ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਸਿਰਫ 2 ਸਾਲਾਂ ਵਿੱਚ 39 ਪ੍ਰੋਜੈਕਟਾਂ ਦੇ ਐਲਾਨ ਨਾਲ ਭੂਚਾਲ ਪ੍ਰੋਜੈਕਟ ਪ੍ਰਵਾਨਗੀਆਂ ਦੀ ਗਿਣਤੀ ਲਗਭਗ ਤਿੱਗੁਣੀ ਕਰ ਦਿੱਤੀ ਹੈ।

> ਵੱਧ ਰਹੇ ਭਾਈਚਾਰਿਆਂ ਵਿੱਚ ਵਿਦਿਆਰਥੀਆਂ ਦੇ ਸਿੱਖਿਆ ਵਾਤਾਵਰਣ ਵਿੱਚ ਸੁਧਾਰ ਨਾਲ 10,000 ਤੋਂ ਵਧੇਰੇ ਥਾਵਾਂ ਦਾ ਨਿਰਮਾਣ ਹੋਇਆ ਹੈ।

## ਨਿਆਂ ਅਤੇ ਸਹਿਯੋਗ ਸੇਵਾਵਾਂ ਤੱਕ ਬਿਹਤਰ ਪਹੁੰਚ

*ਰੁਕਾਵਟਾਂ ਨੂੰ ਹਟਾਉਣਾ, ਸੇਵਾਵਾਂ ਦਾ ਵਿਸਥਾਰ*

> ਔਰਤਾਂ, ਮੂਲਵਾਸੀ ਲੋਕ, ਗਰੀਬੀ ਵਿੱਚ ਰਹਿ ਰਹੇ ਲੋਕ ਅਤੇ ਹੋਰ ਅਧਿਕਾਰਹੀਨ ਲੋਕ ਕਾਨੂੰਨੀ ਸੇਵਾਵਾਂ ਤੱਕ ਪਹੁੰਚ ਲਈ ਅਕਸਰ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ। ਇਸੇ ਲਈ ਅਸੀਂ ਲੋਕਾਂ ਨੂੰ ਬਿਨਾਂ ਕਿਸੇ ਖਰਚ ਦੇ ਕਾਨੂੰਨੀ ਕੰਮਾਂ ਤੱਕ ਪਹੁੰਚ ਲਈ ਬੀ ਸੀ ਵਿੱਚ ਕਾਨੂੰਨੀ ਅਤੇ ਕਲੀਨਿਕਸ ਨੂੰ ਫੰਡ ਦੇ ਰਹੇ ਹਾਂ।



*ਅਸੀਂ ਸਰ੍ਰੀ, ਫੋਰਟ ਸੇਂਟ ਜੌਨ੍ਹ ਅਤੇ ਐਬਟਸਫੋਰਡ ਵਿੱਚ ਨਵੀਆਂ ਵਿਸਥਾਰਿਤ ਕੋਰਟ ਸੇਵਾਵਾਂ ਨੂੰ ਫੰਡ ਕਰ ਰਹੇ ਹਾਂ।*

ਅਤੇ ਕਿਉਂਕਿ ਮੂਲਵਾਸੀ ਲੋਕਾਂ ਦੀ ਨਿਆਂ ਪ੍ਰਣਾਲੀ ਵਿੱਚ ਵੱਧ-ਪ੍ਰਤੀਨਿਧਤਾ ਹੈ, ਅਸੀਂ ਨਵੇਂ ਸਭਿਆਚਾਰਕ ਸੁਰੱਖਿਅਤ ਨਿਆਂ ਸੈਂਟਰ ਅਤੇ ਪ੍ਰੋਗਰਾਮ ਫੰਡ ਕਰ ਰਹੇ ਹਾਂ।

*ਬਜਟ 2020* ਜੁਰਮ ਨਾਲ ਪ੍ਰਭਾਵਿਤ ਹੋਏ ਲੋਕਾਂ ਲਈ ਜਨਤਕ ਸੁਰੱਖਿਆ ਅਤੇ ਸਹਿਯੋਗ ਸੇਵਾਵਾਂ ਨੂੰ ਵਧਾਉਣ ਲਈ $71 ਮਿਲੀਅਨ ਦਾ ਵਾਧੂ ਸਹਿਯੋਗ ਦਿੰਦਾ ਹੈ। ਇਸ ਵਿੱਚ ਹਿੰਸਕ ਜੁਰਮ ਨਾਲ ਪ੍ਰਭਾਵਿਤ ਹੋਏ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ $13 ਮਿਲੀਅਨ ਦਾ ਕਰਾਈਮ ਪਰੀਵੈਂਸ਼ਨ ਵਿਕਟਮ ਅਸਿਸਟੈਂਸ ਪ੍ਰੋਗਰਾਮ (Crime Victims Assistance Program) ਸ਼ਾਮਲ ਹੈ।

## ਬੱਚਿਆਂ ਅਤੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਸੁਧਾਰ

*ਦੇਖਭਾਲ ਵਿਚਲੇ ਬੱਚਿਆਂ ਦੀ ਸੁਰੱਖਿਆ ਅਤੇ ਸਹਿਯੋਗ*

> ਸਰਕਾਰੀ ਸੰਭਾਲ ਵਿੱਚ 6000 ਤੋਂ ਵਧੇਰੇ ਬੱਚੇ ਅਤੇ ਨੌਜਵਾਨ ਰਹਿੰਦੇ ਹਨ ਅਤੇ ਹੁਣ ਜਦੋਂ ਇਹ ਗਿਣਤੀ ਘੱਟ ਰਹੀ ਹੈ, ਮੂਲਵਾਸੀ ਬੱਚੇ ਅਤੇ ਨੌਜਵਾਨ ਅਜੇ ਵੀ ਦੇਖਭਾਲ ਵਿੱਚ ਵਧੇਰੇ-ਪ੍ਰਤੀਨਧਤਾ ਰੱਖਦੇ ਹਨ।

ਇਹ ਯਕੀਨੀ ਬਣਾਉਣ ਲਈ ਕਿ ਦੇਖਭਾਲ ਵਿਚਲੇ ਮੂਲਵਾਸੀ ਨੌਜਵਾਨਾਂ ਨੂੰ ਆਪਣੇ ਭਾਈਚਾਰੇ ਨਾਲ ਸੰਪਰਕ ਬਣਾਈ ਰੱਖਣ ਲਈ ਸਹਿਯੋਗ ਮਿਲੇ, *ਬਜਟ 2020* ਅਗਲੇ ਤਿੰਨ ਸਾਲਾਂ ਵਿੱਚ $15 ਮਿਲੀਅਨ ਸ਼ਾਮਲ ਕਰਦਾ ਹੈ।



*ਇਹ ਫੰਡਿਗ ਮੂਲਵਾਸੀ ਬੱਚਿਆਂ ਨੂੰ ਸਭਿਆਚਾਰਕ ਪ੍ਰੋਗਰਾਮਾਂ 'ਤੇ ਜਾਣ ਅਤੇ ਭਾਈਚਾਰਕ ਮੈਂਬਰਾਂ ਨਾਲ ਸੰਪਰਕ ਵਿੱਚ ਰਹਿਣ ਵਿੱਚ ਮਦਦ ਕਰਦੀ ਹੈ।*

# ਚਿਰਸਥਾਈ ਆਰਥਿਕਤਾ ਵਿੱਚ ਨਿਵੇਸ਼

### ਨਵੀਂ ਬੀ ਸੀ ਐਕਸਸ ਗਰਾਂਟ


*ਪੋਸਟ ਸੈਕਡੰਰੀ ਵਿਦਿਆਰਥੀਆਂ ਲਈ $4000 ਤੱਕ*

ਮੰਗ-ਵਾਲੀਆਂ ਨੌਕਰੀਆਂ ਵਿੱਚ ਲੌੜੀਦੀ ਟਰੇਨਿੰਗ ਅਤੇ ਸਿੱਖਿਆ ਦੀਆਂ ਰੁਕਾਵਟਾਂ ਹਟਾਉਣ ਲਈ, *ਬਜਟ 2020* ਬੀ ਸੀ ਦੇ ਵਿਦਿਆਰਥੀਆਂ ਦੀ ਜ਼ਿੰਦਗੀ ਵਧੇਰੇ ਕਿਫਾਇਤੀ ਬਣਾਉਣ ਲਈ ਅਗਲੇ ਕਦਮ ਲੈ ਰਿਹਾ ਹੈ। ਬੀ ਸੀ ਵਿਦਿਆਰਥੀ ਕਰਜ਼ਿਆਂ 'ਤੇ ਵਿਆਜ ਨੂੰ ਖਤਮ ਕਰਨ ਨਾਲ ਇਸ ਪਤਝੜ ਰੁੱਤ ਤੋਂ ਸਕੂਲਾਂ ਅਤੇ ਯੂਨੀਵਰਸਿਟੀਆਂ ਦੇ 40,000 ਤੋਂ ਵਧੇਰੇ ਵਿਦਿਆਰਥੀ ਇਸ ਨਵੀਂ ਬੀ ਸੀ ਐਕਸਸ ਗਰਾਂਟ ਰਾਂਹੀ ਆਪਣੀ ਸਿੱਖਿਆ ਦੇ ਸ਼ੁਰੂਆਤੀ ਖਰਚਿਆਂ 'ਤੇ ਤੁਰੰਤ ਸਹਿਯੋਗ ਹਾਸਲ ਕਰ ਸਕਣਗੇ।

ਜ਼ਰੂਰਤ-ਆਧਾਰਿਤ ਗਰਾਂਟ ਕੈਨੇਡਾ ਐਕਸਸ ਗਰਾਂਟ ਦੀ ਪੂਰਤੀ ਕਰਦੀ ਹੈ, ਅਤੇ ਯਕੀਨੀ ਬਣਾਉਂਦੀ ਹੈ ਕਿ ਬੀ ਸੀ ਦੇ ਘੱਟ-ਅਤੇ ਮੱਧ-ਆਮਦਨ ਵਾਲੇ ਵਿਦਿਆਰਥੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਵੱਲ ਵੱਧਣ ਵਾਲੇ ਪ੍ਰੋਗਰਾਮਾਂ ਦੇ ਖਰਚਿਆਂ ਲਈ $4000 ਤੱਕ ਸਾਲਾਨਾ ਦੀ ਮਦਦ ਲੈ ਸਕਣ।


***ਦੋ ਸਾਲ ਤੋਂ ਘੱਟ ਸਮੇਂ ਵਾਲੇ ਪ੍ਰੋਗਰਾਮ ਲਈ,** ਬੀ ਸੀ ਦੇ ਵਿਦਿਆਰਥੀ **$4000 ਤੱਕ ਸਾਲਾਨਾ ਹਾਸਲ** ਕਰ ਸਕਣਗੇ।*

ਪ੍ਰੋਗਰਾਮ ਲੰਬਾਈ: ਦੋ ਸਾਲ ਤੋਂ ਘੱਟ




***ਦੋ ਸਾਲ ਜਾਂ ਵੱਧ ਸਮੇਂ ਵਾਲੇ ਪ੍ਰੋਗਰਾਮ ਲਈ,** ਬੀ ਸੀ ਦੇ ਵਿਦਿਆਰਥੀ **ਕੁੱਲ $4000 ਤੱਕ ਪ੍ਰਤੀ ਸਾਲ** ਹਾਸਲ ਕਰ ਸਕਣਗੇ।*

ਪ੍ਰੋਗਰਾਮ ਲੰਬਾਈ: ਦੋ ਸਾਲ ਜਾਂ ਵੱਧ




## ਮੂਲਵਾਸੀ ਲੋਕਾਂ ਨਾਲ ਮੇਲ-ਮਿਲਾਪ

*ਬੀ ਸੀ ਨੂੰ ਅੱਗੇ ਵੱਧਦਾ ਰੱਖਣ ਲਈ ਬੁਨਿਆਦ*

*ਮੂਲਵਾਸੀ ਲੋਕਾਂ ਨਾਲ ਸੱਚਾ ਅਤੇ ਸਥਾਈ ਮੇਲ-ਮਿਲਾਪ ਬੀ ਸੀ ਨੂੰ ਅੱਗੇ ਵੱਧਦਾ ਰੱਖਣ ਲਈ ਬੁਨਿਆਦ ਹੈ।*

ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿੱਚ ਪਹਿਲਾ ਸੂਬਾ ਹੈ ਜਿਸਨੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਦੀ ਘੋਸ਼ਣਾ (UN Declaration on the Rights of Indigenous Peoples) ਨੂੰ ਪਾਸ ਅਤੇ ਲਾਗੂ ਕੀਤਾ। ਇਹ ਮੂਲਵਾਸੀ ਲੋਕਾਂ ਨੂੰ ਬੀ ਸੀ ਦੀ ਆਰਥਿਕਤਾ ਵਿੱਚ ਪੂਰੇ ਹਿੱਸੇਦਾਰਾਂ ਵਜੋਂ ਪਛਾਣਦਾ ਹੈ, ਹਰ ਇੱਕ ਨੂੰ ਅੱਗੇ ਵਧਣ ਅਤੇ ਵਪਾਰ ਕਰਨ ਦਾ ਰਾਹ ਦਿੰਦਾ ਹੈ। ਅਗਲੇ ਕਦਮਾਂ ਵਿੱਚ ਯੂ ਐੱਨ ਘੋਸ਼ਣਾ ਦੇ ਉਦੇਸ਼ਾਂ ਨੂੰ ਲਾਗੂ ਕਰਨ ਲਈ ਕਾਰਵਾਈ ਯੋਜਨਾ 'ਤੇ ਸਹਿਯੋਗੀ ਤੌਰ 'ਤੇ ਕੰਮ ਕਰਨਾ ਅਤੇ ਯੂ ਐੱਨ ਘੋਸ਼ਣਾ ਦੇ ਐਲਾਨਨਾਮੇ ਵਿੱਚ ਕਾਨੂੰਨਾਂ ਨੂੰ ਇਕਸਾਰ ਕਰਨ ਦਾ ਕੰਮ ਆਰੰਭ ਕਰਨਾ ਹੈ।

ਸਰਕਾਰ ਨੇ ਹਰ ਫਸਟ ਨੇਸ਼ਨਜ਼ ਨਾਲ ਗੇਮਿੰਗ ਰੈਵੇਨਿਊ ਸਾਂਝਾ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨਾਲ ਉਹਨਾਂ ਨੂੰ $250000 ਤੋਂ $2 ਮਿਲੀਅਨ ਹਰ ਸਾਲ ਹਾਸਲ ਹੁੰਦੇ ਹਨ। ਹਰ ਫਸਟ ਨੇਸ਼ਨਜ਼ ਨੂੰ ਸਵੈ-ਸਾਸ਼ਨ, ਜ਼ਰੂਰਤ ਦੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਲਈ ਲੰਮੇਂ ਸਮੇਂ ਦੀ ਮਿਆਦ ਵਾਲੇ ਸਥਾਈ ਫੰਡਿੰਗ ਸਰੋਤ ਦੀ ਲੋੜ ਹੋਵੇਗੀ, ਜਿਸ ਵਿੱਚ ਬਾਲ-ਸੰਭਾਲ, ਸਕੂਲ ਅਤੇ ਰਿਹਾਇਸ਼ ਸ਼ਾਮਲ ਹਨ।

> ਮੂਲਵਾਸੀ ਲੋਕਾਂ ਨਾਲ ਕੰਮ ਕਰਦਿਆਂ ਬੀ ਸੀ ਫੰਡ ਔਨ-ਰਿਜ਼ਰਵ ਹਾਊਸਿੰਗ 'ਤੇ ਪਹਿਲਾ ਸੂਬਾ ਹੈ।

ਮੂਲਵਾਸੀ ਲੋਕਾਂ ਅਤੇ ਮੇਟਿਸ ਗਰੁੱਪਾਂ ਨਾਲ ਕੰਮ ਕਰਦਿਆਂ ਅਸੀਂ ਬਾਲ ਭਲਾਈ ਸਿਸਟਮ ਵਿੱਚ ਸੁਧਾਰ ਰਹੇ ਹਾਂ- ਪਰਿਵਾਰਾਂ ਨੂੰ ਇੱਕਠੇ ਰਹਿਣ ਅਤੇ ਵਧੇਰੇ ਬੱਚਿਆਂ ਨੂੰ ਦੇਖਭਾਲ ਵਿੱਚੋਂ ਕੱਢਣ ਵਿੱਚ ਮਦਦ ਕਰਨ ਵਾਸਤੇ ਧਿਆਨ ਕੇਂਦਰਿਤ ਕਰ ਰਹੇ ਹਾਂ। ਅਸੀਂ ਬਾਲ ਭਲਾਈ ਦੇ ਅਧਿਕਾਰ ਖੇਤਰ ਨੂੰ ਮੂਲਵਾਸੀ ਭਾਈਚਾਰਿਆਂ ਵੱਲ ਤਬਦੀਲ ਕਰਨ ਲਈ ਫਸਟ ਨੇਸ਼ਨਜ਼ ਨਾਲ ਸਮਝੌਤਿਆਂ 'ਤੇ ਵੀ ਕੰਮ ਕਰ ਰਹੇ ਹਾਂ।



## ਬੁਨਿਆਦੀ ਢਾਂਚੇ ਅਤੇ ਨੌਕਰੀਆਂ ਦਾ ਨਿਰਮਾਣ

### *ਸੂਬੇ ਦੇ ਵਿਕਾਸ ਨਾਲ ਨੌਕਰੀਆਂ ਦਾ ਨਿਰਮਾਣ*

ਅੱਗੇ ਵਧਣਾ ਜਾਰੀ ਰੱਖਣ ਲਈ ਸਾਡੀ ਜ਼ਰੂਰਤ ਦੇ ਬੁਨਿਆਦੀ ਢਾਂਚੇ ਵਿੱਚ *ਬਜਟ 2020* ਬੀ ਸੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਨਿਵੇਸ਼ ਦੇਖਦਾ ਹੈ- ਸਕੂਲਾਂ, ਹਸਪਤਾਲਾਂ, ਹਾਈਵੇਅ ਅਤੇ ਰਿਹਾਇਸ਼।

ਅਗਲੇ 15 ਸਾਲਾਂ ਵਿੱਚ ਸਾਡੀ ਜਨਸੰਖਿਆ ਮਿਲੀਅਨ ਲੋਕਾਂ ਤੋਂ ਵੱਧ ਹੋਣ ਦਾ ਅਨੁਮਾਨ ਹੈ-ਅਤੇ ਅਸੀਂ ਤਿਆਰ ਹੋਵਾਂਗੇ।

> **ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ 'ਤੇ ਚਲ ਰਹੇ ਕੰਮ ਨਾਲ ਸੂਬੇ ਭਰ ਵਿੱਚ 100,000 ਸਿੱਧੀਆਂ ਅਤੇ ਅਸਿੱਧੀਆਂ ਨੌਕਰੀਆਂ ਦਾ ਨਿਰਮਾਣ ਹੋ ਰਿਹਾ ਹੈ।**

ਬੀ ਸੀ ਸਰਕਾਰ ਦੀ ਬੁਨਿਆਦੀ ਢਾਂਚਾ ਯੋਜਨਾ ਨਾਲ ਹਜ਼ਾਰਾਂ ਵਧੀਆ ਨੌਕਰੀਆਂ ਦਾ ਨਿਰਮਾਣ ਹੋ ਰਿਹਾ ਹੈ। ਇਹ ਨਿਵੇਸ਼ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਵਿੱਚ ਵੀ ਮਦਦ ਕਰਨਗੇ।

***ਸਿਹਤ:*** *ਹਸਪਤਾਲਾਂ ਅਤੇ ਸਿਹਤ ਅਦਾਰਿਆਂ ਦੇ ਨਿਰਮਾਣ ਅਤੇ ਵਿਸਥਾਰ ਅਤੇ ਮੈਡੀਕਲ ਉਪਕਰਣਾਂ ਲਈ $6.4 ਬਿਲੀਅਨ।*

***ਟਰਾਂਸਪੋਰਟੇਸ਼ਨ:*** *ਪੁਲ ਬਦਲਾਅ, ਹਾਈਵੇਅ ਵਿਸਥਾਰ ਅਤੇ ਕੌਰੀਡੋਰ ਸੁਧਾਰ ਸਮੇਤ ਪ੍ਰਾਥਮਿਕਤਾ ਵਾਲੇ ਪ੍ਰੋਜੈਕਟਾਂ ਲਈ $7.4 ਬਿਲੀਅਨ।*

K-12

***ਸਿੱਖਿਆ:*** *ਕੇ-12 ਸਕੂਲਾਂ ਨੂੰ ਬਦਲਣ, ਨਵੀਨੀਕਰਣ ਜਾਂ ਵਿਸਥਾਰ ਲਈ $2.8 ਬਿਲੀਅਨ- ਬਹੁਤਿਆਂ ਵਿੱਚ ਬਾਲ-ਸੰਭਾਲ ਥਾਵਾਂ ਅਤੇ ਗੁਆਂਢ ਵਿੱਚ ਸਿੱਖਿਆ ਸੈਂਟਰ ਵੀ ਸ਼ਾਮਲ ਕਰਨੇ ਹਨ।*

***ਪੋਸਟ-ਸੈਕੰਡਰੀ ਸਿੱਖਿਆ-*** *ਸਾਡੀਆਂ ਸੰਸਥਾਵਾਂ ਦਾ ਵਿਸਥਾਰ ਕਰਨ, ਕਾਰਜਬਲ ਮੰਗ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਅਤੇ ਵਿਦਿਆਰਥੀ ਰਿਹਾਇਸ਼ ਦਾ ਨਿਰਮਾਣ ਕਰਨ ਲਈ $3.1 ਬਿਲੀਅਨ।*

***ਰਿਹਾਇਸ਼:*** *ਬਜ਼ੁਰਗਾਂ, ਮੂਲਵਾਸੀ ਲੋਕਾਂ, ਵਿਅਕਤੀਆਂ ਅਤੇ ਪਰਿਵਾਰਾਂ ਲਈ ਕਿਫਾਇਤੀ ਘਰਾਂ ਲਈ $1 ਬਿਲੀਅਨ ਤੋਂ ਵਧੇਰੇ।*

## ਬੀ ਸੀ ਦੇ ਜੰਗਲਾਤ ਸੈਕਟਰ ਨੂੰ ਸਹਿਯੋਗ

### *ਕਾਮਿਆਂ ਦੀ ਸਹਾਇਤਾ ਅਤੇ ਨਵੇਂ ਮੌਕਿਆਂ ਦਾ ਵਿਕਾਸ*

ਵੱਧ ਫੁੱਲ ਰਹੇ ਜੰਗਲਾਤ ਸੈਕਟਰ ਨੇ ਪੀੜ੍ਹੀਆਂ ਤੋਂ ਕਈ ਪਰਿਵਾਰਾਂ ਨੂੰ ਚੰਗੀਆਂ, ਸਥਾਈ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਪਿਛਲੇ ਕਈ ਸਾਲਾਂ ਤੋਂ ਪਹਾੜੀ ਪਾਈਨ ਬੀਟਲ ਦੀ ਤਬਾਹੀ, ਜੰਗਲੀ ਅੱਗਾਂ ਅਤੇ ਸੋਫਟਵੁੱਡ ਲੰਬਰ ਝਗੜੇ ਨੇ ਲੱਕੜ ਦੀ ਸਪਲਾਈ ਘਟਾਈ, ਮਿੱਲਾਂ ਨੂੰ ਬੰਦ ਹੋਣ ਲਈ ਮਜ਼ਬੂਰ ਕੀਤਾ ਅਤੇ ਜੰਗਲਾਤ ਕੰਪਨੀਆਂ ਅਤੇ ਕਾਮਿਆਂ ਲਈ ਅਨਿਸ਼ਚਤਤਾ ਬਣਾਈ। ਇਸ ਸੈਕਟਰ ਵਿੱਚ ਚੰਗੀਆਂ ਨੌਕਰੀਆਂ ਦਾ ਨਿਰਮਾਣ ਕਰਨ ਅਤੇ ਉਹਨਾਂ ਨੂੰ ਸਹਿਯੋਗ ਦੇਣ ਲਈ ਅਸੀਂ ਘਰਾਂ ਅਤੇ ਵਿਦੇਸ਼ ਵਿੱਚ ਬੀ ਸੀ ਇੰਜੀਨੀਅਰਡ ਲੱਕੜ ਨੂੰ ਪ੍ਰੋਤਸਾਹਨ ਦੇ ਰਹੇ ਹਾਂ, ਜਨਤਕ ਬੁਨਿਆਦੀ ਢਾਂਚੇ ਲਈ ਜਿੱਥੇ ਵੀ ਸੰਭਵ ਹੋਵੇ, ਲੱਕੜ ਦੀ ਵਰਤੋਂ ਕਰਨਾ ਅਤੇ ਸੰਕਰੀ ਸਮੂਹਿਕ ਲੱਕੜ ਦੀਆਂ ਇਮਾਰਤਾਂ (ਇਨਕੈਪਸੂਲੇਟਡ ਮਾਸ ਟਿੰਬਰ ਬਿਲਡਿੰਗਜ਼) ਨੂੰ ਚੈਂਪੀਅਨ ਬਣਾਉਣਾ।

ਬਜਟ 2020 ਜੰਗਲਾਤ ਸੈਕਟਰ ਵਿੱਚ ਬੀ ਸੀ ਦੀ ਬਾਇਓ-ਆਰਥਿਕਤਾ ਅਤੇ ਪੁਨਰਸੁਰਜੀਤੀ ਲਈ ਮੌਕਿਆਂ ਦਾ ਨਿਰਮਾਣ ਕਰਨ ਲਈ ਨਵੀਂ ਫੰਡਿੰਗ ਨਾਲ ਅਗਲਾ ਕਦਮ ਲੈ ਰਿਹਾ ਹੈ। ਕਾਮੇ ਵੀ ਜੌਬ ਪਲੇਸਮੈਂਟ ਅਤੇ ਹੁਨਰ ਸਿਖਲਾਈ, ਸਮੁੰਦਰੀ  ਤੱਟ ਦੇ ਲੱਕੜ ਵਪਾਰੀਆਂ ਲਈ ਉਪਕਰਣ ਕਰਜ਼ੇ, ਭਾਰੀ ਮਾਰ ਸਹਿ ਰਹੇ ਭਾਈਚਾਰਿਆਂ ਲਈ ਗਰਾਂਟ ਵਿੱਚ ਮਦਦ ਕਰਨ ਅਤੇ ਅਰਲੀ ਰਿਟਾਇਰਮੈਂਟ  ਦੇ ਪ੍ਰੋਗਰਾਮਾਂ ਨੂੰ ਸਹਿਯੋਗ ਦੇਣ ਤੱਕ ਪਹੁੰਚ ਕਰ ਰਹੇ ਹਨ।

## ਜੰਗਲੀ ਅੱਗਾਂ ਅਤੇ ਹੜ੍ਹ

### *ਕੁਦਰਤੀ ਕਰੋਪੀਆਂ ਨਾਲ ਨਜਿੱਠਣਾ ਅਤੇ ਠੀਕ ਹੋਣਾ*

ਹਾਲ ਦੇ ਸਾਲਾਂ ਵਿੱਚ ਕੁਦਰਤੀ ਕਰੋਪੀਆਂ ਨੇ ਘਰ, ਭਾਈਚਾਰੇ, ਵਪਾਰ ਅਤੇ ਉਦਯੋਗ ਤਬਾਹ ਕੀਤੇ ਹਨ। ਇਸ ਸਾਲ ਬਜਟ ਨੇ ਸੂਬੇ ਅਤੇ ਭਾਈਚਾਰਿਆਂ ਨੂੰ ਜੰਗਲੀ ਅੱਗਾਂ, ਹੜ੍ਹਾਂ ਅਤੇ ਹੋਰ ਐਮਰਜੈਂਸੀਆਂ ਨਾਲ ਨਜਿੱਠਣ ਅਤੇ ਉਹਨਾਂ ਤੋਂ ਬਚਣ ਲਈ ਫੰਡਿੰਗ ਵਿੱਚ ਵਾਧਾ ਕੀਤਾ ਹੈ।

## ਜਲਵਾਯੂ ਯੋਜਨਾ ਅਤੇ ਕਲੀਨ ਬੀ ਸੀ

### *ਸਾਫ ਭਵਿੱਖ ਦੀ ਤਾਕਤ ਦਾ ਇਸਤੇਮਾਨ ਕਰਨਾ*

*ਕਲੀਨ ਬੀ ਸੀ* ਵਿੱਚ ਨਵੇਂ ਨਿਵੇਸ਼, ਪ੍ਰਦੂਸ਼ਣ ਘਟਾਉਣ ਲਈ ਸਾਡੀ ਸਰਕਾਰ ਦੀ ਯੋਜਨਾ ਅਤੇ ਸਾਫ ਭਵਿੱਖ ਦਾ ਨਿਰਮਾਣ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਜ਼ਿੰਦਗੀ ਤਬਦੀਲ ਕਰਨ ਵਿੱਚ ਮਦਦ ਕਰ ਰਿਹਾ ਹੈ, ਜਿੱਥੇ ਉਹ ਰਹਿੰਦੇ ਅਤੇ ਕੰਮ ਕਰਦੇ ਹਨ- ਸਾਡੇ ਸਕੂਲਾਂ, ਯੂਨੀਵਰਸਿਟੀਆਂ ਅਤੇ ਹਸਪਤਾਲਾਂ ਨੂੰ ਵਧੇਰੇ ਊਰਜਾ ਨਿਪੁੰਨ ਬਣਾ ਰਿਹਾ ਹੈ। ਅਸੀਂ ਉਦਯੋਗਾਂ ਨੂੰ ਸਾਫ, ਲੋਅ-ਕਾਰਬਨ ਹੱਲਾਂ ਵੱਲ ਵਧਣ ਲਈ ਸਹਿਯੋਗ ਵੀ ਪ੍ਰਦਾਨ ਕਰ ਰਹੇ ਹਾਂ। ਬਜਟ 2019 ਨੇ ਇਸ ਯੋਜਨਾ ਨੂੰ ਲਾਗੂ ਕਰਨ ਲਈ ਜ਼ਿਕਰਯੋਗ ਫੰਡਿੰਗ ਪ੍ਰਦਾਨ ਕੀਤੀ ਹੈ। *ਬਜਟ 2020 ਕਲੀਨ ਬੀ ਸੀ* ਨੂੰ ਸਹਿਯੋਗ ਦੇਣ ਲਈ $400 ਮਿਲੀਅਨ ਤੋਂ ਵੱਧ ਦਾ ਵਾਧੂ ਨਿਵੇਸ਼ ਕਰਦਾ ਹੈ।

*ਇਸ ਸਾਲ ਦਾ ਬਜਟ ਪਰਿਵਾਰਾਂ ਲਈ ਕਲਾਈਮੇਟ ਐਕਸ਼ਨ ਟੈਕਸ ਕਰੈਡਿਟ ਜਾਰੀ ਰੱਖਦਾ ਹੈ ਅਤੇ ਇਲੈਕਟ੍ਰਿਕ ਗੱਡੀ ਖਰੀਦਣਾ ਵਧੇਰੇ ਕਿਫਾਇਤੀ ਬਣਾਉਣ ਲਈ ਸੂਬੇ ਦੇ ਪ੍ਰੋਗਰਾਮ ਵਿੱਚ $20 ਮਿਲੀਅਨ ਸ਼ਾਮਲ ਕਰਦਾ ਹੈ।*

# ਜ਼ਿੰਦਗੀ ਬਿਹਤਰ ਬਣਾ ਰਹੇ ਹਾਂ

## *ਬਜਟ 2020 ਪ੍ਰਦਾਨ ਕਰਦਾ ਹੈ*

ਸਖਤ ਮਿਹਨਤ ਕਰਨ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਜ਼ਿੰਦਗੀ ਵਧੇਰੇ ਕਿਫਾਇਤੀ ਬਣਾਉਣ ਲਈ ਸਰਕਾਰ ਦੀ ਕੇਂਦਰੀ ਵਚਨਬੱਧਤਾ।


*$70,000 ਕਮਾ ਰਿਹਾ ਅਤੇ ਮੈਟਰੋ ਵੈਨਕੂਵਰ ਵਿੱਚ ਰਹਿ ਰਿਹਾ ਚਾਰ ਵਿਅਕਤੀਆਂ ਦਾ ਪਰਿਵਾਰ **ਲਗਭਗ $30,000 ਬਚਾ ਸਕਦਾ ਹੈ,** ਧੰਨਵਾਦ ਹੈ:*

- » ਬੀ ਸੀ ਐਕਸਸ ਗਰਾਂਟ ਦਾ- ਦੋ ਸਾਲ ਤੋਂ ਘੱਟ ਸਮੇਂ ਵਾਲੇ ਪ੍ਰੋਗਰਾਮ ਲਈ ਪੋਸਟ ਸੈਕਡੰਰੀ ਵਿਦਿਆਰਥੀਆਂ ਲਈ $3495 ਤੱਕ
- » ਬੀ ਸੀ ਚਾਈਲਡ ਔਪਰਚੂਨਟੀ ਬੈਨੀਫਿੱਟ- $1380 ਤੱਕ ਪ੍ਰਤੀ ਸਾਲ
- » ਐੱਮ ਐੱਸ ਪੀ ਖਾਤਮਾ-$1800 ਤੱਕ ਪ੍ਰਤੀ ਸਾਲ
- » ਵਿਦਿਆਰਥੀ ਕਰਜ਼ਿਆਂ ਤੋਂ ਵਿਆਜ ਹਟਾਉਣਾ- ਇੱਕ ਆਮ ਵਿਦਿਆਰਥੀ ਜੋ ਸਾਂਝੇ ਤੌਰ 'ਤੇ ਬੀ ਸੀ ਅਤੇ ਫੈਡਰਲ ਲੋਨ ਨਾਲ $28000 ਨਾਲ ਗਰੈਜੂਏਟ ਹੁੰਦਾ ਹੈ, ਉਹ 10 ਸਾਲ ਦੀ ਪੁਨਰ ਅਦਾਇਗੀ ਦੀ ਮਿਆਦ ਵਿੱਚ ਵਿਆਜ ਖਰਚਿਆਂ 'ਤੇ $2300 ਦੀ ਬੱਚਤ ਕਰੇਗਾ।
- » ਅਫੌਰਡੇਬਲ ਚਾਈਲਡ ਕੇਅਰ ਬੈਨੀਫਿੱਟ - $14,895 ਤੱਕ ਪ੍ਰਤੀ ਸਾਲ
- » ਚਾਈਲਡ ਕੇਅਰ ਫੀ ਰਿਡਕਸ਼ਨ ਇਨੀਸ਼ੀਏਟਿਵ- $15400 ਤੱਕ ਪ੍ਰਤੀ ਸਾਲ
- » ਪੋਰਟ ਮੈਨ ਅਤੇ ਗੋਲਡਨ ਈਅਰਜ਼ ਟੋਲਜ਼ - $1500 ਤੱਕ ਪ੍ਰਤੀ ਸਾਲ
- » ਇਲੈਕਟ੍ਰਿਕ ਗੱਡੀ ਦੀਆਂ ਬੱਚਤਾਂ- ਇਲੈਕਟ੍ਰਿਕ ਗੱਡੀ ਖਰੀਦਣ 'ਤੇ $6000 ਅਤੇ ਗੈਸ ਖਰਚ 'ਤੇ ਲਗਭਗ $1500 ਪ੍ਰਤੀ ਸਾਲ।
- » ਹੀਟ ਪੰਪ ਬੱਚਤਾਂ- ਫੌਸਿਲ ਫਿਊਲ ਹੀਟਿੰਗ ਸਿਸਟਮ ਬਦਲਣ 'ਤੇ $2000 ਤੱਕ

This document was printed on environmentally conscious Elemental Chlorine free paper, contains recycled fibre and is 100% recyclable. Production of this document included best practices for conservation. Please Reduce, Reuse and Recycle.



*2021 ਤੱਕ $4000 ਕਮਾਉਣ ਵਾਲਾ ਦੋ ਬੱਚਿਆਂ ਨਾਲ ਇੱਕਲਾ ਮਾਪਾ **ਟੈਕਸਾਂ 'ਤੇ $2100 ਤੋਂ ਵੱਧ ਦੀ ਬੱਚਤ ਕਰੇਗਾ।***






*2021 ਤੱਕ $60,000 ਕਮਾ ਰਿਹਾ ਚਾਰ ਵਿਅਕਤੀਆਂ ਦਾ ਪਰਿਵਾਰ **ਟੈਕਸਾਂ ਵਿੱਚ $2500 ਤੋਂ ਵਧੇਰੇ ਦੀ ਬੱਚਤ ਕਰੇਗਾ।***

